# ਰੋਜਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ, ਪੰਜਾਬ
# ਅਤੇ
# ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸ਼ਨ, ਚੰਡੀਗੜ੍ਹ ਵੱਲੋ
# ਐਸ.ਡੀ.ਆਈ. ਸਕੀਮ ਅਤੇ ਸਵਰਣਜਯੰਤੀ ਗਰਾਮ ਸਵੈਰੋਜ਼ਗਾਰ ਯੋਜਨਾ ਅਧੀਨ ਸਿਕਿਉਰਟੀ ਗਾਰਡ ਦੀ ਸਿਖਲਾਈ ਲਈ ਦਾਖਲਾ ਨੋਟਿਸ ।

ਪੰਜਾਬ ਪੁਲਿਸ ਸਕਿਉਰਟੀ ਕਾਰਪੋਰੇਸ਼ਨ ਵੱਲੋਂ ਐਸ.ਡੀ.ਆਈ. ਸਕੀਮ ਅਤੇ ਸਵਰਣਜਯੰਤੀ ਗਰਾਮ ਸਵੈਰੋਜ਼ਗਾਰ ਯੋਜਨਾ ਅਧੀਨ ਸਿਕਿਉਰਟੀ ਗਾਰਡ ਦੀ 2 ½ ਮਹੀਨਿਆਂ ਦੀ ਸਿਖਲਾਈ ਪ੍ਰਾਪਤ ਕਰਨ ਦੇ ਚਾਹਵਾਨ, ਪੰਜਾਬ ਰਾਜ ਦੇ ਵਸਨੀਕ ਯੋਗ **ਪੁਰਸ਼/ਮਹਿਲਾ** ਉਮੀਦਵਾਰਾਂ ਤੋਂ ਜਿਹਨਾਂ ਦੀ ਉਮਰ 18 ਤੋ 35 ਸਾਲ (ਉਮਰ ਨਿਰਧਾਰਤ ਕਰਨ ਦੀ ਮਿਤੀ 30.06.2010) ਦੇ ਦਰਮਿਆਨ ਹੋਵੇ, ਬਿਨੈ ਪੱਤਰ ਮਿਤੀ 10.06.2010 ਤੱਕ ਹੇਠ ਦਿੱਤੇ ਨਿਰਧਾਰਤ ਪ੍ਰਫਾਰਮੇ ਤੇ ਆਪਣੀ ਫੋਟੋ ਸਹਿਤ ਉਮਰ ਅਤੇ ਦਸਵੀਂ ਪੱਧਰ ਦੀ ਵਿੱਦਿਅਕ ਯੋਗਤਾ ਦੀ ਫੋਟੋਕਾਪੀ ਸਬੂਤ ਵਜੋਂ ਨਾਲ ਨੱਥੀ ਕਰਕੇ, ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸਨ, ਐਸ.ਸੀ.ਓ. ਨੰ: 171-172, ਸੈਕਟਰ-8ਸੀ, ਮੱਧਿਆ ਮਾਰਗ, ਚੰਡੀਗੜ੍ਹ ਨੂੰ ਭੇਜ ਸਕਦੇ ਹਨ। ਵਧੇਰੀ ਜਾਣਕਾਰੀ ਲਈ ਨਿਗਮ ਦੀ ਵੈਬਸਾਇਟ www.pphcl.org ਵੀ ਵੇਖੀ ਜਾ ਸਕਦੀ ਹੈ ।

**ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਸਿਖਲਾਈ ਪ੍ਰਾਈਵੇਟ ਸੈਕਟਰ ਵਿੱਚ ਰੋਜਗਾਰ ਪ੍ਰਾਪਤ ਕਰਨ ਲਈ ਹੋਵੇਗੀ ਨਾ ਕਿ ਕਿਸੇ ਸਰਕਾਰੀ ਵਿਭਾਗ ਵਿੱਚ।** ਇਹ ਸਿਖਲਾਈ ਪੰਜਾਬ ਸਿਕਿਉਰਟੀ ਸਿਖਲਾਈ ਸੰਸਥਾ , ਜਹਾਨਖੇਲਾਂ ਜਿਲ੍ਹਾ ਹੁਸਿਆਰਪੁਰ ਅਤੇ ਲੱਡਾ ਕੋਠੀ ਸੰਗਰੂਰ ਵਿਖੇ ਦਿਤੀ ਜਾਵੇਗੀ । ਬਿਨੈ-ਪੱਤਰ ਭੇਜਣ ਵਾਲੇ ਉਮੀਦਵਾਰ ਚੋਣ ਪ੍ਰਕਿਰਿਆ ਲਈ ਹੇਠ ਲਿਖੇ ਪਤੇ ਤੇ ਦਿਤੀ ਗਈ ਮਿਤੀ ਨੂੰ ਸਮੇਂ ਸਿਰ ਹਾਜਰ ਹੋਣ :-

| ਲੜੀ ਨੰ | ਸਥਾਨ | ਸਮਾਂ ਅਤੇ ਮਿਤੀ | ਜਿਲਾ ਜਿਸ ਨਾਲ ਸਿਖਿਆਰਥੀ ਸਬੰਧਤ ਹੋਵੇ |
|---|---|---|---|
| 1 | ਪੁਲਿਸ ਲਾਈਨ, ਸੰਗਰੂਰ | ਸਵੇਰੇ 8 ਵਜੇ 21.06.2010 | ਸੰਗਰੂਰ, ਬਰਨਾਲਾ, ਪਟਿਆਲਾ |
| 2 | ਪੁਲਿਸ ਲਾਈਨ, ਮਾਨਸਾ | ਸਵੇਰੇ 8 ਵਜੇ 22.06.2010 | ਮਾਨਸਾ, ਬਠਿੰਡਾ, ਮੁਕਤਸਰ |
| 3 | ਪੁਲਿਸ ਲਾਈਨ, ਫਿਰੋਜਪੁਰ | ਸਵੇਰੇ 8 ਵਜੇ 25.06.2010 | ਮੋਗਾ ਫਿਰੋਜਪੁਰ, ਫਰੀਦਕੋਟ |

| | | | |
|---|---|---|---|
| 4 | ਪੁਲਿਸ ਲਾਈਨ, ਗੁਰਦਾਸਪੁਸ | ਸਵੇਰੇ 8 ਵਜੇ 26.06.2009 | ਅਮ੍ਰਿਤਸਰ, ਤਰਨਤਾਰਨ,ਗੁਰਦਾਸਪੁਰ |
| 5 | ਪੁਲਿਸ ਲਾਈਨ, ਜਲੰਧਰ | ਸਵੇਰੇ 8 ਵਜੇ 28.06.2010 | ਜਲੰਧਰ ਕਪੂਰਥਲਾ,ਹੁਸਿਆਰਪੁਰ,ਐਸ.ਬੀ.ਐਸ ਨਗਰ (ਨਵਾਂਸਹਿਰ) |
| 6 | ਪੁਲਿਸ ਲਾਈਨ, ਲੁਧਿਆਣਾ | ਸਵੇਰੇ 8 ਵਜੇ 29.06.2010 | ਲੁਧਿਆਣਾ, ਰੋਪੜ, ਮੋਹਾਲੀ, ਫਤਿਹਗੜ੍ਹ–ਸਾਹਿਬ, ਚੰਡੀਗੜ੍ਹ । |

ਯੋਗਤਾ : ਵਿੱਦਿਅਕ ਯੋਗਤਾ: ਮੈਟ੍ਰਿਕੁਲੈਸ਼ਨ (10ਵੀ ਪਾਸ )।

ਸਰੀਰਕ ਮਿਆਰ ਪੁਰਸ਼ ਉਮੀਦਵਾਰਾਂ ਲਈ :

i) ਉਚਾਈ 5’–6”, ਛਾਤੀ –31”-32 ½” ( 1½” ਫੁਲਾ ਕੇ )
ii) ਭਾਰ– ਲੰਬਾਈ ਅਤੇ ਭਾਰ ਦੇ ਨਿਰਧਾਰਤ ਟੇਬਲ ਅਨੁਸਾਰ ।

ਸਰੀਰਕ ਮਿਆਰ ਮਹਿਲਾ ਉਮੀਦਵਾਰਾਂ ਲਈ :

i) ਉਚਾਈ 5’–2”,
ii) ਭਾਰ– ਲੰਬਾਈ ਅਤੇ ਭਾਰ ਦੇ ਨਿਰਧਾਰਤ ਟੇਬਲ ਅਨੁਸਾਰ ।
iii) ਅੱਖਾਂ ਦੀ ਦ੍ਰਿਸਟੀ ਕਲਰ ਬਲਾਂਇਡਨੈਸ ਤੋਂ ਮੁਕਤ, ਸੋਧ ਅਤੇ ਬਿਨਾਂ ਸੋਧ ਦੂਰ ਦੇਖਣ ਦੀ ਦ੍ਰਿਸਟੀ 6/6 ਨੇੜੇ ਦੀ 0.6 ਹੋਣੀ ਜਰੂਰੀ ਹੈ ।
iv) ਉਮੀਦਵਾਰ ਦੇ ਨਾ ਹੀ ਪੈਰ ਪੱਧਰੇ ਅਤੇ ਨਾ ਹੀ ਗਿੱਟੇ ਭਿੜਨੇ ਚਾਹੀਦੇ ਹਨ ।

**ਚੋਣ ਪ੍ਰਕਿਰਿਆ:**

**ਸਰੀਰਕ ਕੁਸ਼ਲਤਾ ਟੈਸਟ:** ਉਪਰੋਕਤ ਯੋਗਤਾਵਾਂ ਅਤੇ ਸਰੀਰਕ ਲੋੜਾ ਪੂਰੀਆਂ ਕਰਦੇ ਉਮੀਦਵਾਰ ਦੀ ਸਰੀਰਕ ਫਿਟਨੈਸ ਅਤੇ ਸਹਿਣ ਸਕਤੀ ਨੂੰ ਟੈਸਟ ਕਰਨ ਲਈ 1 ਕਿਲੋਮੀਟਰ ਦੀ ਦੌੜ ਲਗਵਾਈ ਜਾਵੇਗੀ । ਉਮੀਦਵਾਰ ਨੂੰ 1 ਕਿਲੋ ਮੀਟਰ ਦੀ ਦੂਰੀ 6 ਮਿੰਟਾਂ ਦੇ ਅੰਦਰ –ਅੰਦਰ ਪੂਰੀ ਕਰਨੀ ਹੋਵੇਗੀ।

ਚੋਣ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੂੰ ਕਿਸੇ ਕਿਸਮ ਦਾ ਖਰਚਾ/ਯਾਤਰਾ ਭੱਤਾ ਨਹੀ ਦਿੱਤਾ ਜਾਵੇਗਾ। **ਸਿਖਲਾਈ ਦੌਰਾਨ ਰਿਹਾਇਸ, ਖਾਣੇ ਅਤੇ ਸਿਖਲਾਈ ਲਈ ਕੋਈ ਵੀ ਖਰਚਾ ਵਸੂਲ ਨਹੀ ਕੀਤਾ ਜਾਵੇਗਾ ।** ਵਰਦੀ ਅਤੇ ਵਰਦੀ ਨਾਲ ਸਬੰਧਤ ਵਸਤਾਂ ਸਬੰਧੀ ਖਰਚਾ ਸਿੱਖਿਆਰਥੀ ਵੱਲੋ ਕੀਤਾ ਜਾਵੇਗਾ, **ਪ੍ਰੰਤੂ BPL ਉਮੀਦਵਾਰਾਂ ਨੂੰ ਵਰਦੀ ਅਤੇ ਟ੍ਰੇਨਿੰਗ ਉਪਰੰਤ ਸਕਿਊਰਿਟੀ ਗਾਰਡ ਦੀ ਨੌਕਰੀ ਤੇ ਹਾਜਰ ਹੋਣ ਲਈ**

ਵਿੱਤੀ ਮੱਦਦ ਵੀ ਸਕੀਮ ਤਹਿਤ ਦਿਤੀ ਜਾਵੇਗੀ। ਬੀ.ਪੀ.ਐਲ ਉਮੀਦਵਾਰ ਜੋ ਟ੍ਰੇਨਿੰਗ ਲੈਣ ਲਈ ਹਾਜਰ ਹੋਵੇਗਾ ਉਸਨੂੰ ਟ੍ਰੇਨਿੰਗ ਸੈਂਟਰ ਤੱਕ ਆਉਣ ਅਤੇ ਕੋਰਸ ਸਫਲਤਾ ਪੂਰਵਕ ਮੁੱਕਮਲ ਕਰਨ ਉਪਰੰਤ ਬਸ/ਰੇਲ ਦੇ ਅਸਲ ਯਾਤਰਾ ਖਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ। **BPL** ਕੈਟਾਗਿਰੀ ਦਾ ਸਰਟੀਫਿਕੇਟ ਸਮੱਰਥ ਅਧਿਕਾਰੀ ਵੱਲੋ ਜਾਰੀ ਕੀਤਾ ਹੋਣਾ ਚਾਹੀਦਾ ਹੈ ।

ਬਿਨੈ ਪੱਤਰ ਦਾ ਨਮੂਨਾਂ

(ਬਿਨੈ-ਪੱਤਰ ਇਸ ਪ੍ਰਫਾਰਮੇ ਅਨੁਸਾਰ ਹਸਤਲਿਖਤ ਜਾਂ ਟਾਈਪ ਹੋਣਾ ਚਾਹੀਦਾ ਹੈ)

| | | | |
|---|---|---|---|
| | | | ਪਾਸਪੋਰਟ ਸਾਈਜ ਫੋਟੋ |
| 1 | ਉਮੀਦਵਾਰ ਦਾ ਪੂਰਾ ਨਾਂ : | | |
| 2 | ਪਿਤਾ ਦਾ ਨਾਂ : | | |
| 3 | ਮਾਤਾ ਦਾ ਨਾਂ : | | |
| 4 | ਜਨਮ ਦੀ ਮਿਤੀ (ਫੋਟੋਕਾਪੀ ਨੱਥੀ) : | | |
| 5 | ਵਿੱਦਿਅਕ ਯੋਗਤਾ (ਦਸਵੀਂ ਪੱਧਰ ਦਾ ਜਨਮ ਮਿਤੀ ਸਮੇਤ ਸਰਟੀਫਿਕੇਟ ਦੀ ਫੋਟੋਕਾਪੀ ਨਾਲ ਨੱਥੀ) | | |
| 6 | ਦਸਵੀਂ ਜਮਾਤ ਵਿੱਚੋ ਪ੍ਰਾਪਤ ਕੀਤੇ ਅੰਕ/ਕੁਲ ਅੰਕ | | |
| 7 | ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਬੂਤ (ਫੋਟੋਕਾਪੀ ਨੱਥੀ) | | |
| 8 | ਅਨੁਸੂਚਿਤ ਜਾਤੀ (SC) ਸਰਟੀਫਿਕੇਟ ਦੀ ਫੋਟੋਕਾਪੀ ਨਾਲ ਨੱਥੀ | | |
| 9 | ਗਰੀਬੀ ਰੇਖਾ ਤੋਂ ਥਲੇ (BPL) ਨਾਲ ਸਬੰਧਤ ਸਰਟੀਫਿਕੇਟ ਦੀ ਕਾਪੀ | | |
| 10 | ਪੱਤਰ ਵਿਵਹਾਰ ਲਈ ਪਤਾ (ਸਾਫ ਅਖਰਾ ਵਿੱਚ) | | |
| 11 | ਟੈਲੀਫੋਨ ਨੰ: | | |

ਨੋਟ : ਬਿਨੈਕਾਰ ਅਤੇ ਉਸਦੇ ਮਾਤਾ ਪਿਤਾ ਦਾ ਨਾਂ ਵੱਡੇ ਅੱਖਰਾਂ ਵਿੱਚ ਪੰਜਾਬੀ ਅਤੇ ਅੰਗਰੇਜੀ ਵਿੱਚ ਸਾਫ-ਸਾਫ ਲਿਖਿਆ ਜਾਵੇ।

(ਉਮੀਦਵਾਰ ਦੇ ਹਸਤਾਖਰ)